ਜਗ ਬਾਣੀ
ਚੰਡੀਗੜ੍ਹ, ਵੀਰਵਾਰ THURSDAY 22 ਜੂਨ 2017

ਬੇਲਾ ਕਾਲਜ ਵਿਖੇ ਲਾਏ ਯੋਗ ਕੈਂਪ ਦਾ ਦ੍ਰਿਸ਼। (ਕੌਸ਼ਲ)



ਸ੍ਰੀ ਚਮਕੌਰ ਸਾਹਿਬ, (ਕੌਸ਼ਲ)-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ ਬੇਲਾ ਵਿਖੇ ਸਬ-ਡਵੀਜ਼ਨ ਪੱਧਰ ਦਾ ਅੰਤਰਰਾਸ਼ਟਰੀ ਯੋਗਾ ਦਿਵਸ ਮਨਾਇਆ ਗਿਆ, ਜਿਸ ਦੀ ਅਗਵਾਈ ਕਾਲਜ ਦੇ ਪ੍ਰਿੰਸੀਪਲ ਸੁਰਮੁਖ ਸਿੰਘ ਤੇ ਡਾ. ਮਨਜੋਤ ਕੌਰ (ਸਰਕਾਰੀ ਆਯੁਰਵੈਦਿਕ ਡਿਸਪੈਂਸਰੀ) ਸ੍ਰੀ ਚਮਕੌਰ ਸਾਹਿਬ ਨੇ ਕੀਤੀ।

ਇਸ ਮੌਕੇ ਡਾ. ਮਨਜੋਤ ਕੌਰ ਨੇ 100 ਤੋਂ ਵੱਧ ਐੱਨ. ਸੀ. ਸੀ. ਕੈਡਿਟਾਂ ਤੇ ਵਿਦਿਆਰਥੀਆਂ ਨੂੰ ਯੋਗ ਕਰਵਾਇਆ। ਪ੍ਰਿੰਸੀਪਲ ਸੁਰਮੁਖ ਸਿੰਘ ਸਮੇਤ ਫਾਰਮੇਸੀ ਕਾਲਜ ਪ੍ਰਿੰਸੀਪਲ ਡਾ. ਸ਼ਲੇਸ਼ ਸ਼ਰਮਾ ਤੇ ਸਟਾਫ ਦੇ ਬਹੁਤ ਸਾਰੇ ਅਧਿਆਪਕਾਂ ਤੇ ਕਰਮਚਾਰੀਆਂ ਨੇ ਵੀ ਯੋਗ 'ਚ ਹਿੱਸਾ ਲਿਆ।

ਕਾਲਜ ਪ੍ਰਬੰਧਕ ਕਮੇਟੀ ਦੇ ਸੀਨੀ. ਮੀਤ ਪ੍ਰਧਾਨ ਸੰਗਤ ਸਿੰਘ ਲੌਂਗੀਆਂ, ਸਕੱਤਰ ਦਵਿੰਦਰ ਸਿੰਘ ਜਟਾਣਾ ਤੇ ਮੈਨੇਜਰ ਸੁਖਵਿੰਦਰ ਸਿੰਘ ਵ੍ਰਿਸਕੀ ਨੇ ਵੀ ਇਸ ਮੌਕੇ ਹਾਜ਼ਰ ਵਿਦਿਆਰਥੀਆਂ ਨੂੰ ਯੋਗਾ ਪ੍ਰਤੀ ਪ੍ਰੇਰਿਤ ਕੀਤਾ ਤੇ ਕਿਹਾ ਕਿ ਇਸ ਨੂੰ ਰੋਜ਼ਾਨਾ ਦੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ।